19-Oct-1-Star.qxd 10/19/2025 11:03 PM Page 2

ਚੇਨਈ ਦੇ ਇਕ ਸਕੂਲ ਦੇ ਹੋਸਟਲ 'ਚ ਦੀਵਾਲੀ ਦੀ ਪੂਰਬਲੀ ਸ਼ਾਮ 'ਤੇ ਫੁਲਝੜੀਆਂ ਚਲਾਉਂਦੀਆਂ ਹੋਈਆਂ ਔਰਤਾਂ।

ਪਟਨਾ 'ਚ ਖਚਾਖਚ ਭਰੀ ਰੇਲ ਗੱਡੀ ਰਾਹੀਂ ਦੀਵਾਲੀ ਮਨਾਉਣ ਲਈ ਆਪਣੇ ਘਰਾਂ ਨੂੰ ਜਾਂਦੇ ਹੋਏ ਲੋਕ।

ਉੱਤਰੀ ਕਸ਼ਮੀਰ ਦੇ ਕੁਪਵਾੜਾ 'ਚ ਬਰਫ ਨਾਲ ਲੱਦੀ ਕੰਟਰੋਲ ਰੇਖਾ 'ਤੇ ਗਸ਼ਤ ਕਰਦੇ ਹੋਏ ਫ਼ੌਜ ਦੇ ਜਵਾਨ।

ਮਕਬੂਜ਼ਾ ਕਸ਼ਮੀਰ 'ਚ ਹੋ ਰਹੇ ਵਿਰੋਧ ਪ੍ਰਦਰਸ਼ਨ ਦਾ ਦ੍ਰਿਸ਼। ਤਸਵੀਰ ਰਾਹੀਂ : ਸੁਰਿੰਦਰ ਕੋਛੜ

ਮਕਬੂਜ਼ਾ ਕਸ਼ਮੀਰ 'ਚ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ 3 ਮੰਤਰੀਆਂ ਵਲੋਂ ਅਸਤੀਫ਼ਾ

- ਕਸ਼ਮੀਰੀ ਸ਼ਰਨਾਰਥੀਆਂ ਦੇ ਸੰਵਿਧਾਨਕ ਅਧਿਕਾਰਾਂ ਦੀ ਅਣਦੇਖੀ ਦਾ ਲਗਾਇਆ ਦੋਸ਼
- ਰਾਜਨੀਤਕ ਸੰਕਟ ਪਾਕਿ ਸਰਕਾਰ ਲਈ ਪੈਦਾ ਕਰ ਸਕਦੈ ਇਕ ਨਵੀਂ ਚੁਣੌਤੀ

ਅੰਮ੍ਰਿਤਸਰ, 19 ਅਕਤੂਬਰ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ. ਓ. ਕੇ.) 'ਚ ਹਿੰਸਕ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਰਾਜਨੀਤਕ ਤੂਫ਼ਾਨ ਉੱਠਿਆ ਹੈ, ਜਿਸ ਦੇ ਚਲਦਿਆਂ ਪੀ. ਓ. ਕੇ. 'ਚ ਪ੍ਰਧਾਨ ਮੰਤਰੀ ਚੌਧਰੀ ਅਨਵਰੁਲ ਹੱਕ ਦੀ ਕੈਬਿਨਟ ਦੇ ਤਿੰਨ ਸੀਨੀਅਰ ਮੰਤਰੀਆਂ ਨੇ ਅਸਤੀਫ਼ਾ ਦੇ ਦਿੱਤਾ ਹੈ। ਦੱਸਣਯੋਗ ਹੈ ਕਿ ਮਕਬੂਜ਼ਾ ਕਸ਼ਮੀਰ 'ਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਪਾਕਿ ਮੀਡੀਆ ਮੁਤਾਬਕ ਅਸਤੀਫ਼ਿਆਂ ਕਾਰਨ ਪੀ. ਓ. ਕੇ. 'ਚ ਪੈਦਾ ਹੋਇਆ ਰਾਜਨੀਤਿਕ ਸੰਕਟ ਪਾਕਿ 'ਚ ਸ਼ਾਹਬਾਜ਼ ਸ਼ਰੀਫ਼ ਸਰਕਾਰ ਲਈ ਇਕ ਨਵੀਂ ਚੁਣੌਤੀ ਪੈਦਾ ਕਰ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਪੀ. ਓ. ਕੇ. ਦੇ ਸੂਚਨਾ ਮੰਤਰੀ ਪੀਰ ਮਜ਼ਹਰ ਸਈਦ ਅਸਤੀਫ਼ਾ ਦੇਣ ਵਾਲੇ ਪਹਿਲੇ ਵਿਅਕਤੀ ਸਨ। ਇਸ ਤੋਂ ਬਾਅਦ ਵਿੱਤ ਮੰਤਰੀ ਅਬਦੁਲ ਮਜੀਦ ਖ਼ਾਨ, ਖ਼ੁਰਾਕ ਮੰਤਰੀ ਚੌਧਰੀ ਅਕਬਰ ਇਬਰਾਹਿਮ ਤੇ ਅਸੀਮ ਸ਼ਰੀਫ਼ ਬੱਟ ਨੇ ਆਪਣੇ ਅਸਤੀਫ਼ਿਆਂ ਦਾ ਐਲਾਨ ਕੀਤਾ। ਸੂਚਨਾ ਮੰਤਰੀ ਪੀਰ ਮਜ਼ਹਰ ਸਈਦ ਨੇ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਪ੍ਰਧਾਨ ਮੰਤਰੀ ਦੇ ਨਾਂਅ ਆਪਣੇ ਹੱਥ ਲਿਖਤ ਅਸਤੀਫ਼ਾ ਪੱਤਰ ਦੀ ਇਕ ਕਾਪੀ ਵੀ ਸਾਂਝੀ ਕੀਤੀ। ਉਨ੍ਹਾਂ ਦੇ ਨਾਲ ਮੰਤਰਾਲੇ ਦੇ ਡਾਇਰੈਕਟਰ ਅਮਜਦ ਹੁਸੈਨ ਮਿਨਹਾਸ ਅਤੇ ਮਿਰਜ਼ਾ ਬਸ਼ੀਰ ਵੀ ਮੌਜੂਦ ਸਨ। ਅਸਤੀਫ਼ਿਆਂ ਤੋਂ ਬਾਅਦ ਜਾਰੀ ਬਿਆਨ 'ਚ ਉਕਤ ਨੇਤਾਵਾਂ ਨੇ ਕਿਹਾ ਕਿ ਚੌਧਰੀ ਹੱਕ ਦੀ ਸਰਕਾਰ ਪੀ. ਓ. ਕੇ. ਦੇ ਲੋਕਾਂ ਤੇ ਪਾਕਿ 'ਚ ਰਹਿ ਰਹੇ 25 ਲੱਖ ਕਸ਼ਮੀਰੀ ਸ਼ਰਨਾਰਥੀਆਂ ਦੇ ਮੁੱਦਿਆਂ ਨੂੰ ਹੱਲ ਕਰਨ ਵਿਚ ਅਸਫਲ ਰਹਿਣ ਕਾਰਨ ਨੈਤਿਕ ਤੇ ਰਾਜਨੀਤਕ ਜਾਇਜ਼ਤਾ ਗੁਆ ਚੁੱਕੀ ਹੈ। ਉਨ੍ਹਾਂ ਸਰਕਾਰ 'ਤੇ ਕਸ਼ਮੀਰੀ ਸ਼ਰਨਾਰਥੀਆਂ ਦੇ ਸੰਵਿਧਾਨਕ ਅਤੇ ਰਾਜਨੀਤਕ ਅਧਿਕਾਰਾਂ ਦੀ ਅਣਦੇਖੀ ਕਰਨ ਦਾ ਦੋਸ਼ ਲਗਾਇਆ। ਅਸਤੀਫ਼ਾ ਦੇਣ ਵਾਲੇ ਮੰਤਰੀਆਂ ਨੇ ਪ੍ਰਧਾਨ ਮੰਤਰੀ ਅਨਵਰੁਲ ਹੱਕ ਦੇ ਅਸਤੀਫ਼ੇ ਦੀ ਵੀ ਮੰਗ ਕੀਤੀ। ਉਨ੍ਹਾਂ ਨੇ ਕਿਹਾ ਕਿ ਹੱਕ ਨੂੰ ਸੱਤਾ 'ਚ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਨੇ ਹਾਲ ਹੀ 'ਚ ਹੋਈ ਅਸ਼ਾਂਤੀ ਨਾਲ ਨਜਿੱਠਣ ਦੇ ਸਰਕਾਰ ਦੇ ਤਰੀਕੇ ਦੀ ਵੀ ਸਖ਼ਤ ਆਲੋਚਨਾ ਕੀਤੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਆਉਣ ਵਾਲੇ ਦਿਨਾਂ 'ਚ ਪਾਕਿ ਸਰਕਾਰ ਲਈ ਚੁਣੌਤੀਆਂ ਵਧਣ ਵਾਲੀਆਂ ਹਨ। ਪਾਕਿ 'ਚ ਕਈ ਕੱਟੜਪੰਥੀ ਧਾਰਮਿਕ ਸਮੂਹ ਤਹਿਰੀਕ-ਏ-ਲਬੈਕ ਪਾਕਿਸਤਾਨ (ਟੀ. ਐੱਲ. ਪੀ.) ਸਮੇਤ ਕਈ ਹੋਰ ਸੰਗਠਨ ਅਹਿਲ-ਏ-ਸੁੰਨਤ ਪਾਕਿਸਤਾਨ ਨਾਮੀ ਇਕ ਨਵਾਂ ਗੱਠਜੋੜ ਬਣਾ ਰਹੇ ਹਨ। ਉਨ੍ਹਾਂ ਨੇ ਪਾਕਿ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਹੋਣ 'ਤੇ ਗੰਭੀਰ ਨਤੀਜਿਆਂ ਦੀ ਧਮਕੀ ਦਿੱਤੀ ਹੈ।

ਪ੍ਰੈੱਸ ਕਾਨਫ਼ਰੰਸ ਦੌਰਾਨ ਪੀ. ਓ. ਕੇ. ਦੇ ਸੂਚਨਾ ਮੰਤਰੀ ਪੀਰ ਮਜ਼ਹਰ ਸਈਦ, ਨਾਲ ਅਮਜਦ ਹੁਸੈਨ ਮਿਨਹਾਸ ਤੇ ਮਿਰਜ਼ਾ ਬਸ਼ੀਰ। ਤਸਵੀਰ ਰਾਹੀਂ : ਸੁਰਿੰਦਰ ਕੋਛੜ

ਦੁਨੀਆ ਭਰ 'ਚ 13.3 ਕਰੋੜ ਕੁੜੀਆਂ ਅਜੇ ਵੀ ਸਕੂਲਾਂ ਤੋਂ ਵਾਂਝੀਆਂ-ਯੂਨੈਸਕੋ

ਨਵੀਂ ਦਿੱਲੀ, 19 ਅਕਤੂਬਰ (ਪੀ.ਟੀ.ਆਈ.)-ਯੂਨੈਸਕੋ ਦੀ ਗਲੋਬਲ ਐਜੂਕੇਸ਼ਨ ਮਾਨੀਟਰਿੰਗ (ਜੀ.ਈ.ਐਮ.) ਟੀਮ ਅਨੁਸਾਰ ਦੁਨੀਆ ਪਿਛਲੇ ਤਿੰਨ ਦਹਾਕਿਆਂ 'ਚ ਸਿੱਖਿਆ 'ਚ ਲਿੰਗ ਸਮਾਨਤਾ ਨੇੜੇ ਪਹੁੰਚ ਗਈ ਹੈ, ਪਰ ਦੁਨੀਆ ਭਰ 'ਚ 13.3 ਕਰੋੜ ਕੁੜੀਆਂ ਅਜੇ ਵੀ ਸਕੂਲ ਤੋਂ ਬਾਹਰ ਹਨ। 1995 'ਚ ਬੀਜਿੰਗ ਐਲਾਨਨਾਮੇ ਤੇ ਐਕਸ਼ਨ ਪਲੇਟਫਾਰਮ ਨੇ ਇਕ ਮਹੱਤਵਾਕਾਂਖੀ ਦ੍ਰਿਸ਼ਟੀਕੋਣ ਨਿਰਧਾਰਤ ਕੀਤਾ। ਸਿੱਖਿਆ ਸਮੇਤ ਜੀਵਨ ਦੇ ਸਾਰੇ ਪਹਿਲੂਆਂ ਵਿਚ ਔਰਤਾਂ ਦੀ ਪੂਰੀ ਤੇ ਬਰਾਬਰ ਭਾਗੀਦਾਰੀ। ਤੀਹ ਸਾਲ ਬਾਅਦ, ਬਹੁਤ ਕੁਝ ਪ੍ਰਾਪਤ ਕੀਤਾ ਗਿਆ ਹੈ ਪਰ ਯੂਨੈਸਕੋ ਦੇ ਨਵੇਂ ਅੰਕੜੇ ਦਰਸਾਉਂਦੇ ਹਨ ਕਿ ਕਿੰਨਾ ਕੁਝ ਅਧੂਰਾ ਰਹਿ ਗਿਆ ਹੈ। 1995 ਤੋਂ ਦੁਨੀਆ ਸਿੱਖਿਆ ਵਿਚ ਲਿੰਗ ਸਮਾਨਤਾ ਦੇ ਨੇੜੇ ਪਹੁੰਚ ਗਈ ਹੈ। ਕੁੜੀਆਂ ਹੁਣ ਮੁੰਡਿਆਂ ਦੇ ਬਰਾਬਰ ਦਰ 'ਤੇ ਪ੍ਰਾਇਮਰੀ, ਲੋਅਰ ਅਤੇ ਹਾਈ ਸੈਕੰਡਰੀ ਸਕੂਲ ਵਿਚ ਦਾਖ਼ਲਾ ਲੈਂਦੀਆਂ ਹਨ। ਵਿਸ਼ਵ ਪੱਧਰ 'ਤੇ ਤਿੰਨ ਦਹਾਕੇ ਪਹਿਲਾਂ ਨਾਲੋਂ 91 ਮਿਲੀਅਨ ਜ਼ਿਆਦਾ ਕੁੜੀਆਂ ਪ੍ਰਾਇਮਰੀ ਸਿੱਖਿਆ ਵਿਚ ਹਨ ਅਤੇ 136 ਮਿਲੀਅਨ ਜ਼ਿਆਦਾ ਸੈਕੰਡਰੀ ਵਿਚ ਹਨ। ਤੀਜੀ ਸਿੱਖਿਆ ਵਿਚ ਔਰਤਾਂ ਦਾ ਦਾਖਲਾ ਤਿੰਨ ਗੁਣਾ ਵਧਿਆ ਹੈ, 41 ਮਿਲੀਅਨ ਤੋਂ 139 ਮਿਲੀਅਨ ਹੋ ਗਿਆ ਹੈ। ਇਹ ਗਿਣਤੀ ਮਾਇਨੇ ਰੱਖਦੀ ਹੈ। ਇਹ ਰੁਕਾਵਟਾਂ ਨੂੰ ਦੂਰ ਕਰਨ ਤੇ ਮੌਕੇ ਵਧਾਉਣ ਲਈ ਦਹਾਕਿਆਂ ਦੇ ਸਮੂਹਿਕ ਯਤਨਾਂ ਨੂੰ ਦਰਸਾਉਂਦੀਆਂ ਹਨ। ਫਿਰ ਵੀ ਤਸਵੀਰ ਪੂਰੀ ਹੋਣ ਤੋਂ ਬਹੁਤ ਦੂਰ ਹੈ।

ਭਲਕੇ ਰਾਜਨਾਥ ਸਿੰਘ ਰਾਸ਼ਟਰੀ ਪੁਲਿਸ ਸਮਾਰਕ 'ਤੇ ਦੇਣਗੇ ਸ਼ਰਧਾਂਜਲੀ

ਨਵੀਂ ਦਿੱਲੀ, 19 ਅਕਤੂਬਰ (ਉਪਮਾ ਡਾਗਾ ਪਾਰਥ)-ਰੱਖਿਆ ਮੰਤਰੀ ਰਾਜਨਾਥ ਸਿੰਘ 21 ਅਕਤੂਬਰ ਨੂੰ ਰਾਸ਼ਟਰੀ ਪੁਲਿਸ ਸਮਾਰਕ 'ਤੇ ਸ਼ਹੀਦ ਪੁਲਿਸ ਮੁਲਾਜ਼ਮਾਂ ਨੂੰ ਸ਼ਰਧਾਂਜਲੀ ਦੇਣਗੇ। ਇਹ ਦਿਨ 1959 'ਚ ਲੱਦਾਖ 'ਚ ਹਾਟ ਸਪ੍ਰਿੰਗ ਖੇਤਰ 'ਚ ਚੀਨੀ ਫ਼ੌਜੀਆਂ ਦੇ ਹਮਲੇ 'ਚ ਸ਼ਹੀਦ ਹੋਏ ਪੁਲਿਸ ਦੇ 10 ਜਵਾਨਾਂ ਦੀ ਯਾਦ 'ਚ 'ਪੁਲਿਸ ਸਮ੍ਰਿਤੀ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਮੰਗਲਵਾਰ ਨੂੰ ਸ਼ਹੀਦਾਂ ਦੀ ਯਾਦ 'ਚ ਮਨਾਏ ਜਾਣ ਵਾਲੇ ਇਸ ਪ੍ਰੋਗਰਾਮ 'ਚ ਗ੍ਰਹਿ ਰਾਜ ਮੰਤਰੀ, ਦਿੱਲੀ ਪੁਲਿਸ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਜਵਾਨਾਂ ਦੇ ਸੀਨੀਅਰ ਅਧਿਕਾਰੀ, ਸੰਸਦ ਮੈਂਬਰ ਅਤੇ ਸ਼ਹੀਦਾਂ ਦੇ ਪਰਿਵਾਰ ਸ਼ਾਮਿਲ ਹੋਣਗੇ। ਇਸ ਪ੍ਰੋਗਰਾਮ ਦੌਰਾਨ ਸੀ.ਆਰ.ਪੀ.ਐਫ., ਬੀ.ਐਸ.ਐਫ., ਆਈ.ਟੀ.ਬੀ.ਪੀ. ਅਤੇ ਦਿੱਲੀ ਪੁਲਿਸ ਦੇ ਜਵਾਨ ਸ਼ਾਮਿਲ ਹੋਣਗੇ। ਰੱਖਿਆ ਮੰਤਰੀ ਸ਼ਹੀਦਾਂ ਦੀ ਯਾਦ 'ਚ ਫੁੱਲਾਂ ਨਾਲ ਸ਼ਰਧਾਂਜਲੀ ਭੇਟ ਕਰਨਗੇ ਅਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਸਨਮਾਨਿਤ ਕਰਨਗੇ।



ਪਟਨਾ ਵਿਖੇ ਲਾਲੂ ਯਾਦਵ ਦੇ ਘਰ ਬਾਹਰ ਪ੍ਰਦਰਸ਼ਨ ਕਰਦਾ ਹੋਇਆ ਪਾਰਟੀ ਆਗੂ।

ਟਿਕਟ ਨਾ ਮਿਲਣ 'ਤੇ ਪਾਰਟੀ ਆਗੂ ਵਲੋਂ ਲਾਲੂ ਯਾਦਵ ਦੀ ਰਿਹਾਇਸ਼ ਅੱਗੇ ਹੰਗਾਮਾ

ਪਟਨਾ, 19 ਅਕਤੂਬਰ (ਏਜੰਸੀ)-ਰਾਸ਼ਟਰੀ ਜਨਤਾ ਦਲ ਤੋਂ ਟਿਕਟ ਨਾ ਮਿਲਣ 'ਤੇ ਪ੍ਰੇਸ਼ਾਨ ਹੋਏ ਇਕ ਪਾਰਟੀ ਆਗੂ ਨੇ ਲਾਲੂ ਪ੍ਰਸਾਦ ਯਾਦਵ ਦੀ ਰਿਹਾਇਸ਼ ਅੱਗੇ ਹੰਗਾਮਾ ਕੀਤਾ। ਮਦਨ ਸਾਹ ਨਾਂਅ ਦਾ ਇਹ ਵਿਅਕਤੀ ਆਪਣੇ ਕੱਪੜੇ ਪਾੜ ਕੇ ਸੜਕ 'ਤੇ ਲਿਟਣ ਲੱਗਾ। ਮਦਨ ਸਾਹ ਦੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ, ਜਿਸ 'ਚ ਉਹ ਦਾਅਵਾ ਕਰ ਰਿਹਾ ਹੈ ਕਿ ਉਹ ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜਿਆ ਹੋਇਆ ਹੈ ਤੇ ਮਧੂਬਨ ਤੋਂ ਟਿਕਟ ਦੀ ਉਮੀਦ ਕਰ ਰਿਹਾ ਸੀ, ਜਿਥੇ ਉਹ 2020 'ਚ ਦੂਜੇ ਸਥਾਨ 'ਤੇ ਰਿਹਾ ਸੀ ਤੇ ਭਾਜਪਾ ਉਮੀਦਵਾਰ ਤੋਂ ਥੋੜ੍ਹੇ ਜਿਹੇ ਫਰਕ ਨਾਲ ਹਾਰ ਗਿਆ ਸੀ। ਮਦਨ ਸਾਹ ਨੇ ਕਿਹਾ ਕਿ ਮੈਨੂੰ ਟਿਕਟ ਬਦਲੇ 2.70 ਕਰੋੜ ਰੁਪਏ ਦੇਣ ਲਈ ਕਿਹਾ ਗਿਆ ਸੀ। ਮੈਂ ਆਪਣੇ ਬੱਚਿਆਂ ਦੇ ਵਿਆਹਾਂ ਨੂੰ ਰੋਕ ਕੇ ਪੈਸੇ ਦਾ ਪ੍ਰਬੰਧ ਕੀਤਾ। ਹੁਣ ਮੈਂ ਕੰਗਾਲ ਹੋ ਗਿਆ ਹਾਂ। ਘੱਟੋ-ਘੱਟ ਉਨ੍ਹਾਂ ਨੂੰ ਪੈਸੇ ਮੋੜਨੇ ਚਾਹੀਦੇ ਹਨ।

ਦਿੱਲੀ 'ਚ ਗਰਭਵਤੀ ਔਰਤ ਦੀ...

(ਸਫ਼ਾ 1 ਦੀ ਬਾਕੀ)

ਹਮਲਾਵਰ ਨੂੰ ਕਾਬੂ ਕਰ ਕੇ ਉਸ ਨੂੰ ਮਾਰ ਦਿੱਤਾ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮ੍ਰਿਤਕਾ ਦੀ ਪਹਿਚਾਣ ਅਕਾਸ਼ ਦੀ ਪਤਨੀ ਅਤੇ 2 ਬੱਚਿਆਂ ਦੀ ਮਾਂ ਸ਼ਾਲਿਨੀ (22) ਅਤੇ ਨਬੀ ਕਰੀਮ ਥਾਣੇ ਦੇ ਬਦਮਾਸ਼ ਆਸ਼ੂ ਉਰਫ ਸ਼ਲਿੰਦਰ (34) ਵਜੋਂ ਹੋਈ ਹੈ। ਡਿਪਟੀ ਕਮਿਸ਼ਨਰ ਪੁਲਿਸ (ਕੇਂਦਰੀ) ਨਿਧਿਨ ਵਲਸਨ ਨੇ ਇਕ ਬਿਆਨ 'ਚ ਕਿਹਾ ਕਿ 23 ਸਾਲਾਂ ਦੇ ਅਕਾਸ਼, ਜਿਸ ਨੂੰ ਆਪਣੀ ਪਤਨੀ ਨੂੰ ਬਚਾਉਂਦੇ ਸਮੇਂ ਚਾਕੂ ਦੇ ਕਈ ਵਾਰ ਲੱਗੇ ਸਨ, ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਸ਼ੀਲਾ ਦੀ ਸ਼ਿਕਾਇਤ ਦੇ ਆਧਾਰ 'ਤੇ, ਨਬੀ ਪੁਲਿਸ ਥਾਣੇ 'ਚ ਭਾਰਤੀ ਨਿਆਂ ਸੰਹਿਤਾ (ਬੀ ਐੱਨ ਐੱਸ) ਦੀ ਧਾਰਾ 103-ਏ (ਹੱਤਿਆ) ਅਤੇ 109-1 (ਹੱਤਿਆ ਦਾ ਯਤਨ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਬਿਜਲੀ ਖੇਤਰ 'ਚ ਨਿੱਜੀਕਰਨ ਨੂੰ ਲੈ ਕੇ...

(ਸਫ਼ਾ 1 ਦੀ ਬਾਕੀ)

ਵਿਚ ਰਾਜ ਸਰਕਾਰ ਬਿਜਲੀ ਵੰਡ ਨਿਗਮਾਂ ਵਿਚ 51 ਫ਼ੀਸਦੀ ਹਿੱਸੇਦਾਰੀ ਵੇਚੇਗੀ ਅਤੇ ਉਨ੍ਹਾਂ ਨੂੰ ਪੀ.ਪੀ.ਪੀ. (ਜਨਤਕ-ਨਿੱਜੀ ਭਾਈਵਾਲੀ) ਮਾਡਲ ਦੇ ਤਹਿਤ ਚਲਾਏਗੀ।। ਦੂਜੇ ਵਿਕਲਪ ਵਿਚ ਰਾਜ ਬਿਜਲੀ ਵੰਡ ਕੰਪਨੀਆਂ ਵਿਚ 26 ਫ਼ੀਸਦੀ ਹਿੱਸੇਦਾਰੀ ਵੇਚੇਗਾ ਅਤੇ ਪ੍ਰਬੰਧਨ ਇੱਕ ਨਿੱਜੀ ਕੰਪਨੀ ਨੂੰ ਸੌਂਪੇਗਾ। ਤੀਜੇ ਵਿਕਲਪ ਵਿਚ ਜਿਹੜੇ ਰਾਜ ਨਿੱਜੀਕਰਨ ਨਹੀਂ ਚਾਹੁੰਦੇ, ਉਨ੍ਹਾਂ ਨੂੰ ਆਪਣੀਆਂ ਬਿਜਲੀ ਵੰਡ ਕੰਪਨੀਆਂ ਨੂੰ ਸੇਬੀ ਅਤੇ ਸਟਾਕ ਐਕਸਚੇਂਜ ਵਿਚ ਰਜਿਸਟਰ ਕਰਨਾ ਪਵੇਗਾ। ਕੈਬਿਨਟ ਮੀਟਿੰਗ ਵਿਚ ਇਹ ਵੀ ਦੱਸਿਆ ਗਿਆ ਕਿ ਜਿਹੜੇ ਰਾਜ ਇਨ੍ਹਾਂ ਤਿੰਨਾਂ ਵਿਕਲਪਾਂ ਵਿਚੋਂ ਕਿਸੇ ਵੀ ਵਿਕਲਪ ਦੀ ਚੋਣ ਨਹੀਂ ਕਰਦੇ, ਉਨ੍ਹਾਂ ਦੀਆਂ ਕੇਂਦਰ ਤੋਂ ਮਿਲਣ ਵਾਲੀਆਂ ਗਰਾਂਟਾਂ ਰੋਕ ਦਿੱਤੀਆਂ ਜਾਣਗੀਆਂ ਤੇ ਕੋਈ ਹੋਰ ਵਿੱਤੀ ਸਹਾਇਤਾ ਨਹੀਂ ਦਿੱਤੀ ਜਾਵੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਧਿਆਨ ਦੇਣ ਯੋਗ ਹੈ ਕਿ ਬਿਜਲੀ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿਚ ਸਮਕਾਲੀ ਸੂਚੀ ਵਿਚ ਸੂਚੀਬੱਧ ਹੈ, ਜਿਸ ਦਾ ਅਰਥ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਨੂੰ ਬਿਜਲੀ ਦੇ ਮਾਮਲਿਆਂ ਵਿਚ ਬਰਾਬਰ ਅਧਿਕਾਰ ਹਨ। ਇਸ ਲਈ ਕੁੱਝ ਰਾਜਾਂ ਦਾ ਨਿੱਜੀਕਰਨ ਬਾਰੇ ਫ਼ੈਸਲਾ ਸਾਰੇ ਰਾਜਾਂ 'ਤੇ ਨਹੀਂ ਥੋਪਿਆ ਜਾ ਸਕਦਾ ਹੈ। ਅਜਿਹਾ ਜਾਪਦਾ ਹੈ ਕਿ ਦੇਸ਼ ਵਿਆਪੀ ਨਿੱਜੀਕਰਨ ਮੁਹਿੰਮ ਨੂੰ ਜੋ ਏਨਾ ਯੋਜਨਾਬੱਧ ਢੰਗ ਨਾਲ ਅੱਗੇ ਵਧਾਇਆ ਜਾ ਰਿਹਾ ਹੈ । ਉਂਜ ਬਿਜਲੀ ਮਾਹਿਰਾਂ ਦਾ ਕਹਿਣਾ ਹੈ ਕਿ ਬਿਜਲੀ ਖੇਤਰ ਵਿਚ ਨਿੱਜੀਕਰਨ ਅਜੇ ਤੱਕ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋਇਆ ਹੈ ਕਈ ਰਾਜਾਂ ਵਿਚ ਨਿੱਜੀਕਰਨ ਕੀਤਾ ਗਿਆ ਸੀ, ਜਿਸ ਕਾਰਨ ਕਰੋੜਾਂ ਦੇ ਘਾਟੇ ਪੈ ਰਹੇ ਹਨ। ਰਾਜਾਂ ਨੇ ਜੇਕਰ ਬਿਜਲੀ ਖੇਤਰ ਵਿਚ ਸੁਧਾਰ ਕਰਨੇ ਹਨ ਤੇ ਆਪਣੇ ਬਿਜਲੀ ਦੇ ਨੁਕਸਾਨ ਘਟਾਉਣੇ ਹਨ ਤਾਂ ਉਨ੍ਹਾਂ ਨੂੰ ਹਰ ਹਾਲਤ ਵਿਚ ਕੇਂਦਰੀ ਫ਼ੰਡਾਂ ਦੀ ਲੋੜ ਪੈਂਦੀ ਰਹੇਗੀ। ਕੇਂਦਰ ਵਲੋਂ ਰਾਜਾਂ ਦੀ ਸਮੇਂ-ਸਮੇਂ ਸਿਰ ਬਿਜਲੀ ਖੇਤਰ ਵਿਚ ਸੁਧਾਰ ਲਈ ਫ਼ੰਡ ਜਾਰੀ ਕੀਤੇ ਜਾਂਦੇ ਰਹੇ ਹਨ ਪਰ ਬਿਜਲੀ ਖੇਤਰਾਂ ਨੂੰ ਬਿਜਲੀ ਚੋਰੀ ਤੋਂ ਇਲਾਵਾ ਹੁੰਦੀ ਲੀਕੇਜ ਤੇ ਵਸੂਲੀ ਵਿਚ ਪਿੱਛੇ ਰਹਿਣ ਕਰਕੇ ਬਿਜਲੀ ਖੇਤਰ ਪ੍ਰਭਾਵਿਤ ਹੋ ਰਹੇ ਹਨ ਤਾਂ ਉਨ੍ਹਾਂ ਦੇ ਘਾਟੇ ਵਧ ਰਹੇ ਹਨ। ਚੇਤੇ ਰਹੇ ਕਿ ਪੰਜਾਬ ਦੀਆਂ ਕਈ ਜਥੇਬੰਦੀਆਂ ਵਲੋਂ ਪਹਿਲਾਂ ਹੀ ਬਿਜਲੀ ਖੇਤਰ ਵਿਚ ਨਿੱਜੀਕਰਨ ਦਾ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ।

ਬਿਹਾਰ ਚੋਣਾਂ...

(ਸਫ਼ਾ 1 ਦੀ ਬਾਕੀ)

ਭਰਨ ਦੀ ਕੋਸ਼ਿਸ਼ ਕਰੇਗੀ। ਇਸ ਤੋਂ ਇਲਾਵਾ ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖ